# ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
## ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ
ਸਿੱਖਿਆ ਭਵਨ, ਈ-ਬਲਾਕ, ਪੰਜਵੀਂ ਮੰਜਿਲ, ਫੇਜ਼-8, ਜਿਲ੍ਹਾ ਅਜੀਤਗੜ੍ਹ (ਮੋਹਾਲੀ)
ਫੋਨ ਨੰਬਰ-0172-5212311, ਫੈਕਸ ਨੰਬਰ- 0172-5212369, 5212370, ਈ-ਮੇਲ: hoictadm@gmail.com


ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),
ਪੰਜਾਬ।

ਮੀਮੋ ਨੰ: 5/3-ICT-2017-18/Misc/ 11451
ਮਿਤੀ:- 18/10/2017

ਵਿਸ਼ਾ:- **epunjab Portal ਉੱਤੇ ਕੰਪਿਊਟਰ ਫੈਕਲਟੀਜ਼ ਦਾ ਡਾਟਾ ਅਪਡੇਟ ਕਰਵਾਉਣ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ epunjab Portal ਉੱਤੇ ਕੰਪਿਊਟਰ ਫੈਕਲਟੀਜ਼ ਦਾ ਡਾਟਾ ਸਹੀ ਅਪਡੇਟ ਨਹੀਂ ਹੋਇਆ ਹੈ ਅਤੇ ਇਸ ਵਿੱਚ ਕੰਪਿਊਟਰ ਫੈਕਲਟੀਜ਼ ਵੱਲੋਂ ਜਾਂ ਤਾਂ ਸੂਚਨਾ ਭਰੀ ਨਹੀਂ ਗਈ ਹੈ ਜਾਂ ਗਲਤ ਭਰੀ ਗਈ ਹੈ। ਉਦਾਹਰਣ ਦੇ ਤੌਰ ਤੇ ਕਈ ਕੰਪਿਊਟਰ ਫੈਕਲਟੀਜ਼ ਵੱਲੋਂ ਉਨ੍ਹਾਂ ਦੀ ਨਿਯੁਕਤੀ ਪਿਕਟਸ ਦੀ ਥਾਂ ਤੇ ਸਿੱਖਿਆ ਵਿਭਾਗ ਭਰਿਆ ਗਿਆ ਹੈ, ਜੋ ਕਿ ਸਹੀ ਨਹੀਂ ਹੈ ਅਤੇ ਕਈ ਕੰਪਿਊਟਰ ਫੈਕਲਟੀਜ਼ ਵੱਲੋਂ Detail of First Joining ਵਿੱਚ Merit Percentage ਭਰੀ ਨਹੀਂ ਗਈ ਹੈ, ਇਸ ਬਾਰੇ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ Merit Percentage ਵਿੱਚ ਉਹ ਅੰਕ ਅਪਡੇਟ ਕੀਤੇ ਜਾਣ, ਜੋ ਸਬੰਧਤ ਕੰਪਿਊਟਰ ਫੈਕਲਟੀ ਨੇ ਭਰਤੀ ਤੋਂ ਪਹਿਲਾਂ ਹੋਏ ਲਿਖਤੀ ਟੈਸਟ ਵਿੱਚ ਪ੍ਰਾਪਤ ਕੀਤੇ ਸਨ। ਇਸ ਤੋਂ ਇਲਾਵਾਂ ਸਬਸਟੀਚਿਊਟ ਕੰਪਿਊਟਰ ਟੀਚਰ (ਨਿਯੁਕਤੀ ਸਾਲ 2008) ਜਿਨ੍ਹਾਂ ਦਾ ਟੈਸਟ ਨਿਯੁਕਤੀ ਤੋਂ ਬਾਅਦ ਸਾਲ 2010 ਵਿੱਚ ਹੋਇਆ ਸੀ, ਉਹ ਵੀ ਆਪਣੇ ਮੈਰਿਟ ਅੰਕ (ਲਿਖਤੀ ਟੈਸਟ ਵਿੱਚ) ਪੋਰਟਲ ਉੱਤੇ ਅਪਡੇਟ ਕਰਨ।

ਇਸ ਪੱਤਰ ਰਾਹੀਂ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ epunjab Portal ਉੱਤੇ ਉਪਰੋਕਤ ਸਬੰਧੀ ਅਪਡੇਸ਼ਨ ਕਰਨ ਲਈ ਸਕੂਲ ਮੁਖੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਇਹ ਡਾਟਾ ਮਿਤੀ 24.10.2017 ਤੱਕ ਹਰ ਹਾਲਤ ਵਿੱਚ ਅਪਡੇਟ ਕਰਨਾ ਯਕੀਨੀ ਬਣਾਇਆ ਜਾਵੇ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ ਆਈ.ਸੀ.ਟੀ ਐਜੂਕੇਸ਼ਨ ਸੁਸਾਇਟੀ
ਪੰਜਾਬ

ਪਿਠ ਅੰਕਣ ਨੰ: ਉਕਤ
ਮਿਤੀ: 18/10/2017

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ :-

1. DPC, RMSA (ਡਾਟਾ ਅਪਡੇਟ ਕਰਵਾਉਣ ਸਬੰਧੀ)
2. Deputy Manager (MIS) ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਜਿਲ੍ਹਾ MIS Coordinator ਨੂੰ ਡਾਟਾ disapprove ਕਰਨ ਸਬੰਧੀ ਹਦਾਇਤ ਕੀਤੀ ਜਾਵੇ ਤਾਂ ਜੋ ਡਾਟਾ ਅਪਡੇਟ ਕੀਤਾ ਜਾ ਸਕੇ।
3. Circle Project Coordinators, ICT.

-sd/-
ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ ਆਈ.ਸੀ.ਟੀ ਐਜੂਕੇਸ਼ਨ ਸੁਸਾਇਟੀ
ਪੰਜਾਬ

# ਪੰਜਾਬ ਆਈ.ਸੀ.ਟੀ ਐਜੁਕੇਸ਼ਨ ਸੁਸਾਇਟੀ

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ(ਸੈ.ਸਿ)ਅੰਮ੍ਰਿਤਸਰ

ਈ ਮੇਲ: deoictasr@gmail.com ਫੋਨ ਨੰਬਰ : 0183-2225897 ਫੈਕਸ 0183-2225896

ਪਿੱਠ ਅੰਕਣ ਨੰ :ਆਈ.ਸੀ.ਟੀ./2017/ਅੰਮ੍ਰਿਤਸਰ/378 ਮਿਤੀ : 18.10.2017

ਉਪਰੋਕਤ ਦਾ ਉਤਾਰਾ ਜ਼ਿਲ੍ਹੇ ਦੇ ਸਮੂਹ ਪ੍ਰਿੰਸੀਪਲ/ਹੈਡਮਾਸਟਰ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜ ਕਿ ਲਿੱਖਿਆ ਜਾਂਦਾ ਹੈ ਕਿ epunjab Portal ਉੱਤੇ ਕੰਪਿਊਟਰ ਫੈਕਲਟੀਜ ਦਾ ਡਾਟਾ ਉਪਰੋਕਤ ਦਿੱਤੀਆਂ ਹਦਾਇਤਾਂ ਅਨੁਸਾਰ ਮਿਤੀ 24-10-2017 ਤੱਕ ਹਰ ਹਾਲਤ ਵਿੱਚ ਅਪਡੇਟ ਕਰਵਾਇਆ ਜਾਵੇ।

ਜ਼ਿਲ੍ਹਾ ਸਿਖਿਆ ਅਫਸਰ (ਸੈ.ਸਿ)
ਅੰਮ੍ਰਿਤਸਰ

18.10.2017